**ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ**

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਸਿੱਖਿਆ ਭਵਨ

ਚੌਥੀ ਮੰਜਿਲ, ਐਸ.ਏ.ਐਸ. ਨਗਰ

(ਸੈਕੰਡਰੀ ਸਿੱਖਿਆ ਸਾਖਾ)

ਵੱਲ

ਸਮੂਹ ਸਰਕਾਰੀ/ਏਡਿਡ ਸਕੂਲ ਮੁਖੀ (ਵੈਬਸਾਈਟ ਰਾਹੀਂ)

ਪੰਜਾਬ।

ਮੀਮੋ ਨੰ. ਈ-130903 ਸੈਸਿ (3)/2025275 12

ਮਿਤੀ ਸ.ਅ.ਸ ਨਗਰ 30-01-2025

ਵਿਸ਼ਾ :- ਸਕੂਲ ਵਿੱਚ 2 ਰਾਖਵੀਆਂ ਤੇ 4 ਬਾਅਦ ਦੁਪਹਿਰ ਅੱਧੇ ਦਿਨ ਦੀਆਂ ਛੁੱਟੀਆਂ ਅਤੇ ਸਾਲਾਨਾ ਫੰਕਸ਼ਨ ਨੂੰ ਈ.ਪੰਜਾਬ ਪੋਰਟਲ ਤੇ ਅਪਡੇਟ ਕਰਨ ਸਬੰਧੀ।

ਹਵਾਲਾ :- ਇਸ ਦਫਤਰ ਦੇ ਮੀਮੋ ਨੰ. ਈ-130903 ਸੈਸਿ (3)/2024326253 ਮਿਤੀ 20-12-2024 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਰਾਹੀਂ ਆਪ ਨੂੰ ਸਾਲ 2025 ਲਈ 2 ਰਾਖਵੀਆਂ ਛੁੱਟੀਆਂ, 4 ਬਾਅਦ ਦੁਪਹਿਰ ਅੱਧੇ ਦਿਨ ਦੀਆਂ ਛੁੱਟੀਆਂ ਅਤੇ ਸਲਾਨਾ ਫੰਕਸਨ ਦੀ ਮਿਤੀ ਆਨਲਾਈਨ ਈ.ਪੰਜਾਬ ਪੋਰਟਲ ਤੇ ਅਪਡੇਟ ਕਰਨ ਲਈ ਸਰਕਾਰੀ ਛੁੱਟੀਆਂ ਦੀ ਲਿਸਟ ਭੇਜ ਕੇ ਮਿਤੀ 01-01-2025 ਤੋਂ 15-01-2025 ਤੱਕ ਆਨਲਾਈਨ ਅਪਡੇਟ ਕਰਨ ਲਈ ਲਿਖਿਆ ਗਿਆ ਸੀ। ਸਟੇਟ ਐਮ.ਆਈ.ਐਸ. ਰਿਪੋਰਟ ਅਨੁਸਾਰ ਬਹੁਤ ਸਕੂਲਾਂ ਵੱਲੋਂ ਅਜੇ ਤੱਕ ਇਹ ਡਾਟਾ ਈ.ਪੰਜਾਬ ਪੋਰਟਲ ਤੇ ਆਨਲਾਈ ਅਪਡੇਟ ਨਹੀਂ ਕੀਤਾ ਗਿਆ।

ਇਸ ਲਈ ਆਪ ਨੂੰ ਮੁੜ ਅਤੇ ਆਖਰੀ ਮੌਕਾ ਦੇ ਕੇ ਲਿਖਿਆ ਜਾਂਦਾ ਹੈ ਕਿ ਸਾਲ 2025 ਲਈ 2 ਰਾਖਵੀਆਂ ਛੁੱਟੀਆਂ, 4 ਬਾਅਦ ਦੁਪਹਿਰ ਅੱਧੇ ਦਿਨ ਦੀਆਂ ਛੁੱਟੀਆਂ ਅਤੇ ਸਾਲਾਨਾ ਫੰਕਸ਼ਨ ਸਬੰਧੀ ਡਾਟਾ ਮਿਤੀ 05-02-2025 ਤੱਕ ਈ ਪੰਜਾਬ ਪੋਰਟਲ ਤੇ ਆਨਲਾਈ ਅਪਡੇਟ ਕੀਤਾ ਜਾਵੇ। ਇਸ ਮਿਤੀ ਤੋਂ ਬਾਅਦ ਵਿੱਚ ਪੋਰਟਲ ਤੇ ਕੋਈ ਵੀ ਛੁੱਟੀ, ਸਾਲਾਨਾ ਫੰਕਸ਼ਨ ਦੀ ਮਿਤੀ ਅਪਡੇਟ ਨਹੀਂ ਕੀਤੀ ਜਾਵੇਗੀ।

ਸਹਾਇਕ ਡਾਇਰੈਕਟਰ (ਸੈਸਿ)

ਪਿੱਠ ਅੰਕਣ ਨੰਬਰ ਉਕਤ/2025 27513 ਮਿਤੀ ਸ.ਅ.ਸ ਨਗਰ 30-01-2025

ਉਪਰੋਕਤ ਦਾ ਉਤਾਰਾ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਸਕੂਲਾਂ ਦਾ ਡਾਟਾ ਮਿੱਥੇ ਸਮੇਂ ਵਿੱਚ ਪੂਰਾ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਸਹਾਇਕ ਡਾਇਰੈਕਟਰ (ਸੈਸਿ)